
# ਪੰਜਾਬੀ ਧੁਨੀ ਪ੍ਰਬੰਧ




ਪੰਜਾਬੀ ਵਿਭਾਗ

ਸਰਕਾਰੀ ਕਾਲਜ ਟਾਂਡਾ


# ਧੁਨੀ ਪ੍ਰਬੰਧ ਜਾਣ-ਪਛਾਣ

ਧੁਨੀ ਮੂੰਹ ਵਿੱਚੋਂ ਨਿਕਲਣ ਵਾਲੀ ਆਵਾਜ਼ ਦੀ ਉਹ ਛੋਟੀ ਤੋਂ ਛੋਟੀ ਇਕਾਈ ਹੁੰਦੀ ਹੈ ਜਿਸ ਨਾਲ ਭਾਸ਼ਾ ਦੀ ਉਸਾਰੀ ਹੁੰਦੀ ਹੈ ਅਤੇ ਇਸ ਨੂੰ ਅੱਖਰਾਂ ਨਾਲ ਅੰਕਿਤ ਕੀਤਾ ਜਾਂਦਾ ਹੈ ।

ਧੁਨੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ । ਸਵਰ ਧੁਨੀਆਂ ਅਤੇ ਵਿਅੰਜਨ ਧੁਨੀਆਂ ।

ਸਵਰ ਧੁਨੀਆਂ

ਉਹ ਧੁਨੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਸਾਡੇ ਫੇਫੜਿਆਂ ਵਿੱਚੋਂ ਨਿਕਲਦੀ ਸਾਹ ਦੀ ਹਵਾ ਬੇਰੋਕ ਗਤੀ ਨਾਲ ਬਾਹਰ ਨਿਕਲਦੀ ਹੈ ।



# ਵਿਅੰਜਨ ਧੁਨੀਆਂ

- ਉਹ ਧੁਨੀਆਂ ਜਿਨ੍ਹਾਂ ਦੇ ਉਚਾਰਨ ਸਮੇਂ ਫੇਫੜਿਆਂ ਵਿੱਚੋਂ ਨਿਕਲਦੀ ਹਵਾ ਨੂੰ ਮੂੰਹ ਪੋਲ ਵਿੱਚ ਕਿਸੇ ਨਾ ਕਿਸੇ ਉਚਾਰਨ ਸਥਾਨ ਉੱਪਰ ਅੰਸ਼ਿਕ ਰੂਪ ਵਿੱਚ ਰੋਕ ਕੇ ਛੱਡਿਆ ਜਾਂਦਾ ਹੈ।

1. ਧੁਨੀ ਬੋਧ ਜਾਂ ਅੱਖਰ ਬੋਧ ਜਾਂ ਵਰਨ ਬੋਧ

| ਵਿਅੰਜਨ ਧੁਨੀਆਂ | | | | | |
|---|---|---|---|---|---|
| ਕੰਠੀ | ਤਾਲਵੀ | ਉਲਟ - ਜੀਭੀ | ਦੰਤੀ | ਹੋਠੀ | ਸੁਰ - ਯੰਤਰੀ |
| ਕ | ਚ | ਟ | ਤ | ਪ | |
| ਖ | ਛ | ਠ | ਥ | ਫ | |
| ਗ | ਜ | ਡ | ਦ | ਬ | |
| ਘ | ਝ | ਢ | ਧ | ਭ | |
| ਙ | ਞ | ਣ | ਨ | ਮ | |
| | | ਲ਼ | ਲ | | |
| | | | ਰ | | |
| | | ੜ | | | |
| | ਸ਼ | | ਸ | | ਹ |
| | ਯ | | | ਵ | |

# ਧੁਨੀ ਵਿਉਂਤ ਦੀਆਂ ਕਿਸਮਾਂ

ਇਸ ਦੀਆਂ ਦੋ ਕਿਸਮਾਂ ਹਨ

ਖੰਡੀ  ਧੁਨੀਆਂ ਅਤੇ ਅਖੰਡੀ ਧੁਨੀਆਂ




# ਖੰਡੀ ਧੁਨੀਆ

ਉਹ ਹੁੰਦੀਆਂ ਹਨ ਜਿਹੜੀਆਂ ਧੁਨੀਆ ਸੁਤੰਤਰ ਤੌਰ ਤੇ ਵਿਚਰਦੀਆਂ ਹਨ। ਇਸ ਵਿੱਚ ਸਵਰ ਅਤੇ ਵਿਅੰਜਨ ਸ਼ਾਮਿਲ ਹੁੰਦੇ ਹਨ। ਸਵਰਾਂ ਦੀ ਗਿਣਤੀ 3 ਹੈ ਅਤੇ ਵਿਅੰਜਨਾਂ ਦੀ ਗਿਣਤੀ 29 ਹੈ।



# ਜੀਭ ਦੀ ਸਥਿਤੀ ਦੇ ਆਧਾਰ ਤੇ ਸਵਰਾਂ ਦੀ ਵੰਡ

- ਜੀਭ ਦੀ ਸਥਿਤੀ ਦੇ ਆਧਾਰ ਦੇ ਸਵਰਾਂ ਦੀ ਗਿਣਤੀ ਤਿੰਨ ਹੈ
- ਅਗਲੇ  ਸਵਰ  ਈ , ਏ ,ਐ
- ਪਿਛਲੇਰੇ ਸਵਰ ਊ, ਓ ,ਔ
- ਵਿਚਕਾਰਲੇ ਸਵਰ ਇ ,ਉ, ਅ ,ਆ



# ਅਖੰਡੀ ਧੁਨੀਆ


ਇਹ ਉਹ ਧੁਨੀਆ ਹੁੰਦੀਆਂ ਹਨ ਜੋ ਸੁਤੰਤਰ ਤੌਰ ਤੇ ਨਹੀਂ ਵਿਚਰ ਸਕਦੀਆਂ। ਇਨ੍ਹਾਂ ਵਿੱਚ ਸਵਰ ਅਤੇ ਵਿਅੰਜਨਾਂ ਤੋਂ ਇਲਾਵਾ ਕੁਝ ਸੰਗੀਤਕ ਤੱਤ ਵੀ ਸ਼ਾਮਿਲ ਹੁੰਦੇ ਹਨ। ਬਲ ,ਸੁਰ ,ਤਾਨ,ਨਾਸਿਕਤਾ ਇਸ ਦੇ ਵਿਸ਼ੇਸ਼ ਗੁਣ ਹਨ।



# ਪੰਜਾਬੀ ਧੁਨੀਆਂ ਦਾ ਵਰਗੀਕਰਨ

ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ  ਦੋ ਪ੍ਰਕਾਰ ਕੀਤਾ ਜਾਂਦਾ ਹੈ -

1. ਉਚਾਰਨ ਵਿਧੀ
2. ਉਚਾਰਨ ਸਥਾਨ



# ਉਚਾਰਨ ਸਥਾਨ

ਉਚਾਰਨ ਸਥਾਨ ਤੋਂ ਭਾਵ ਉਹ ਕਿਹੜੀ ਥਾਂ ਜਿਸ ਨੂੰ ਸਪਰਸ਼ ਕਰ ਕੇ ਪੰਜਾਬੀ ਧੁਨੀਆ ਉਚਾਰੀਆਂ ਜਾਂਦੀਆਂ ਹਨ ਇਹ ਛੇ ਪ੍ਰਕਾਰ ਦੀਆਂ ਹੁੰਦੀਆਂ ਹਨ -

ਕੰਠੀ ਧੁਨੀਆ- ਕ  ਖ ,ਗ, ਘ ,ਙ ਪਹਿਲੀਆਂ ਚਾਰ ਧੁਨੀਆ ਮੌਖਿਕ ਅਤੇ ਪੰਜਵੀਂ ਨਾਸਕੀ


ਤਾਲਵੀ ਧੁਨੀਆ- ਚ,ਛ, ਜ, ਝ, ਞ

ਉਲਟ ਜੀਭੀ ਧੁਨੀਆ - ਟ,ਠ, ਡ ,ਢ, ਣ

ਦੰਤੀ ਧੁਨੀਆ - ਤ, ਥ, ਦ, ਧ, ਨ

ਦੋ ਹੋਂਠੀ ਧੁਨੀਆ- ਪ, ਫ, ਬ ,ਭ, ਮ

ਸੁਰਯੰਤਰੀ - ਹ



# ਉਚਾਰਨ ਵਿਧੀ

ਉਹ ਵਿਧੀ ਉਹ ਹੈ ਜਿਸ ਰਾਹੀਂ  ਵਿਅੰਜਨ ਧੁਨੀਆ ਨੂੰ ਉਚਾਰਨ ਦਾ ਕੀ ਤਰੀਕਾ ਜਾਂ ਢੰਗ ਹੈ ਉਸ ਬਾਰੇ ਜਾਨਣਾ । ਇਹ ਪੰਜ ਪ੍ਰਕਾਰ ਦੀ ਹੁੰਦੀ ਹੈ ।

ਡੱਕਵੇਂ ਵਿਅੰਜਨ -ਇਨ੍ਹਾਂ ਦੀ ਗਿਣਤੀ 15 ਹਰ ਲਾਈਨ ਦੇ ਪਹਿਲੇ ਤਿੰਨ ਵਿਅੰਜਨ

ਅਡੱਕਵੇਂ ਵਿਅੰਜਨ -ਨਾਸਕੀ ,ਫੜਕਵੇਂ ਅਤੇ ਅਰਧ ਸਵਰ ਸ਼ਾਮਿਲ ਹਨ ।

ਸਪਰਸ਼ ਸੰਘਰਸ਼ੀ ਵਿਅੰਜਨ- ਸ ,ਸ਼ ,ਹ

ਪਾਰਸ਼ਵਿਕ ਵਿਅੰਜਨ- ਲ, ਲ਼

ਟ੍ਰਿਲ ਤੇ ਫਲੈਪ- ਰ ,ੜ

1. ਧੁਨੀ ਬੋਧ ਜਾਂ ਅੱਖਰ ਬੋਧ ਜਾਂ ਵਰਨ ਬੋਧ

| ਵਿਅੰਜਨ ਧੁਨੀਆਂ | | | | | |
|---|---|---|---|---|---|
| ਕੰਠੀ | ਤਾਲਵੀ | ਉਲਟ - ਜੀਭੀ | ਦੰਤੀ | ਹੋਂਠੀ | ਸੁਰ - ਯੰਤਰੀ |
| ਕ | ਚ | ਟ | ਤ | ਪ | |
| ਖ | ਛ | ਠ | ਥ | ਫ | |
| ਗ | ਜ | ਡ | ਦ | ਬ | |
| ਘ | ਝ | ਢ | ਧ | ਭ | |
| ਙ | ਞ | ਣ | ਨ | ਮ | |
| | | ਲ਼ | ਲ | | |
| | | | ਰ | | |
| | | ੜ | | | |
| | ਸ਼ | | ਸ | | ਹ |
| | ਯ | | | ਵ | |

# ਧੰਨਵਾਦ

